# ਪੰਜਾਬ ਵਿਧਾਨ ਸਭਾ

## ਤੇਰ੍ਹਵਾਂ ਸਮਾਗਮ

## ਬਿਨਾਂ ਨਿਸ਼ਾਨ ਵਾਲੇ ਪ੍ਰਸ਼ਨ

## 27 ਅਕਤੂਬਰ 2026

----

ਕੁੱਲ ਪ੍ਰਸ਼ਨ - 14

----

**ਹਲਕਾ ਖਡੂਰ ਸਾਹਿਬ ਦੀਆਂ C.S.R. ਦੇ ਦਾਅਰੇ ਵਿੱਚ ਆਉਂਦੀਆਂ ਉਦਯੋਗਿਕ ਇਕਾਈਆਂ ਦੇ ਵੇਰਵੇ**

**717 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ):**

**ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨਾਲੋਜੀ, ਰੋਜ਼ਗਾਰ ਉਤਪਤੀ ਅਤੇ ਸਿਖਲਾਈ , ਉਦਯੋਗ ਅਤੇ ਵਣਜ ਵਿਭਾਗ, ਨਿਵੇਸ਼ ਪ੍ਰੋਮੋਸ਼ਨ ਵਿਭਾਗ :-**

ਕੀ ਉਦਯੋਗ ਮੰਤਰੀ ਕਿਰਪਾ ਕਰਕੇ ਇਹ ਦੱਸਣਗੇ ਕਿ:-

**ੳ)** ਹਲਕਾ ਖਡੂਰ ਸਾਹਿਬ ਵਿੱਚ ਸਥਿਤ ਕਿਹੜੀਆਂ-ਕਿਹੜੀਆਂ ਉਦਯੋਗਿਕ ਇਕਾਈਆਂ Corporate Social Responsibility (C.S.R.) ਦੇ ਦਾਇਰੇ ਵਿੱਚ ਆਉਂਦੀਆਂ ਹਨ; ਕੰਪਨੀ ਦਾ ਨਾਮ, ਪਤਾ ਅਤੇ ਉਦਯੋਗ ਦੀ ਕਿਸਮ ਵੇਰਵੇ ਸਹਿਤ ਦੱਸੀ ਜਾਵੇ;

**ਅ)** ਹਲਕਾ ਖਡੂਰ ਸਾਹਿਬ ਵਿੱਚ ਸਥਿਤ C.S.R. ਦੇ ਦਾਇਰੇ ਵਿੱਚ ਆਉਣ ਵਾਲੀਆਂ ਉਦਯੋਗਿਕ ਇਕਾਈਆਂ ਨੇ ਸਾਲ 2022-23, 2023-24 ਅਤੇ 2024-25 ਦੌਰਾਨ C.S.R. ਅਧੀਨ ਕਿੰਨੀ ਰਕਮ ਖਰਚ ਕੀਤੀ; ਕੰਪਨੀ-ਵਾਰ ਵੇਰਵਾ ਦਿੱਤਾ ਜਾਵੇ;

**ੲ)** ਉਕਤ ਕੰਪਨੀਆਂ ਨੇ ਉਪਰੋਕਤ ਸਮੇਂ ਦੌਰਾਨ ਹਲਕਾ ਖਡੂਰ ਸਾਹਿਬ ਵਿੱਚ C.S.R. ਅਧੀਨ ਕਿਹੜੇ-ਕਿਹੜੇ ਵਿਕਾਸ ਕਾਰਜ ਕਰਵਾਏ ਹਨ; ਕੰਮ ਦਾ ਨਾਮ, ਸਥਾਨ ਅਤੇ ਖਰਚ ਕੀਤੀ ਗਈ ਰਕਮ ਵੇਰਵੇ ਸਹਿਤ ਦੱਸੀ ਜਾਵੇ?

----

## ਗੋਇੰਦਵਾਲ ਸਾਹਿਬ ਵਿਖੇ ਅੰਤਰਰਾਸ਼ਟਰੀ ਪੱਧਰ ਦੇ ਸਟੇਡੀਅਮ ਦੀ ਉਸਾਰੀ ਦੇ ਵੇਰਵੇ

**718 ਸ. ਮਨਜਿੰਦਰ ਸਿੰਘ ਲਾਲਪੁਰਾ (ਖਡੂਰ ਸਾਹਿਬ ):**

**ਮੁੱਖ ਮੰਤਰੀ :-**

ਕੀ ਮੁੱਖ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

**ੳ**) ਕੀ ਇਹ ਠੀਕ ਹੈ ਕਿ ਗੋਇੰਦਵਾਲ ਸਾਹਿਬ ਵਿਖੇ ਅੰਤਰਰਾਸ਼ਟਰੀ ਪੱਧਰ ਦਾ ਸਟੇਡੀਅਮ ਬਣਾਉਣ ਲਈ ਪੰਜਾਬ ਲਘੂ ਉਦਯੋਗ ਅਤੇ ਨਿਰਯਾਤ ਨਿਗਮ ਵੱਲੋਂ ਲਗਭਗ 5 ਕਿਲੇ ਜ਼ਮੀਨ ਮਿਤੀ 25-11-2021 ਨੂੰ ਖੇਡ ਵਿਭਾਗ ਦੇ ਨਾਮ ਅਲਾਟ ਕੀਤੀ ਗਈ ਸੀ; ਜੇਕਰ ਅਜਿਹਾ ਹੈ ਤਾਂ ਉਕਤ ਜ਼ਮੀਨ ਦਾ ਕਬਜ਼ਾ ਖੇਡ ਵਿਭਾਗ ਵੱਲੋਂ ਅੱਜ ਤੱਕ ਪ੍ਰਾਪਤ ਨਾ ਕਰਨ ਦੇ ਕੀ ਕਾਰਨ ਹਨ ; ਵੇਰਵੇ ਸਹਿਤ ਦੱਸਿਆ ਜਾਵੇ;

**ਅ**) ਕੀ ਸਟੇਡੀਅਮ ਦੀ ਉਸਾਰੀ ਲਈ ਪ੍ਰਸ਼ਾਸਨਿਕ ਮਨਜ਼ੂਰੀ, ਤਕਨੀਕੀ ਮਨਜ਼ੂਰੀ ਅਤੇ ਬਜਟ ਜਾਰੀ ਕੀਤਾ ਜਾ ਚੁੱਕਾ ਹੈ; ਜੇਕਰ ਨਹੀਂ, ਤਾਂ ਇਸ ਵਿੱਚ ਦੇਰੀ ਦੇ ਕੀ ਕਾਰਨ ਹਨ ਅਤੇ ਇਸ ਲਈ ਕਿਹੜਾ ਵਿਭਾਗ ਜਾਂ ਅਧਿਕਾਰੀ ਜ਼ਿੰਮੇਵਾਰ ਹੈ;

**ੲ**) ਕੀ ਇਹ ਵੀ ਠੀਕ ਹੈ ਕਿ ਗੋਇੰਦਵਾਲ ਸਾਹਿਬ ਅਤੇ ਇਸਦੇ ਆਲੇ-ਦੁਆਲੇ ਦੇ ਇਲਾਕਿਆਂ ਦੇ ਹਜ਼ਾਰਾਂ ਨੌਜਵਾਨ ਆਧੁਨਿਕ ਖੇਡ ਸਹੂਲਤਾਂ ਤੋਂ ਵਾਂਝੇ ਹਨ ਅਤੇ ਸਟੇਡੀਅਮ ਦੀ ਉਸਾਰੀ ਵਿੱਚ ਹੋ ਰਹੀ ਲਗਾਤਾਰ ਦੇਰੀ ਕਾਰਨ ਉਨ੍ਹਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਸਰਕਾਰ ਸਟੇਡੀਅਮ ਦੀ ਉਸਾਰੀ ਦਾ ਕੰਮ ਕਦੋਂ ਤੱਕ ਸ਼ੁਰੂ ਕਰਨ ਅਤੇ ਮੁਕੰਮਲ ਕਰਨ ਦੀ ਸੰਭਾਵਨਾ ਰੱਖਦੀ ਹੈ; ਸਮਾਂ ਸੀਮਾ ਦੱਸੀ ਜਾਵੇ?

----

## ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪਟਵਾਰੀਆਂ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ

**724 ਡਾ. ਨਛੱਤਰ ਪਾਲ (ਨਵਾਂ ਸ਼ਹਿਰ ):**

**ਮਾਲ, ਮੁੜ ਵਸੇਬਾ ਅਤੇ ਆਫ਼ਤ ਪ੍ਰਬੰਧਨ, ਜਲ ਸਪਲਾਈ ਅਤੇ ਸੈਨੀਟੇਸ਼ਨ,ਹਾਊਸਿੰਗ ਅਤੇ ਸ਼ਹਿਰੀ ਵਿਕਾਸ :-**

ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਪਟਵਾਰੀਆਂ ਦੀਆਂ ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ ਹਨ ਅਤੇ ਇਸ ਸਮੇਂ ਕਿੰਨੀਆਂ ਅਸਾਮੀਆਂ ਕਿੰਨੇ ਚਿਰ ਤੋਂ ਖਾਲੀ ਪਈਆਂ ਹਨ;

ਅ) ਇਨ੍ਹਾਂ ਅਸਾਮੀਆਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ ਅਤੇ ਕਦੋਂ ਤੱਕ ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰ ਦਿੱਤਾ ਜਾਵੇਗਾ ?

----

## ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ

**725 ਡਾ. ਨਛੱਤਰ ਪਾਲ (ਨਵਾਂ ਸ਼ਹਿਰ ):**

**ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਮੈਡੀਕਲ ਸਿੱਖਿਆ ਅਤੇ ਖੋਜ, ਚੋਣ :-**

ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਵਿੱਚ ਸਾਲ, 2017 ਤੋਂ ਹੁਣ ਤੱਕ ਕਿੰਨੀਆਂ ਅਤੇ ਕਿਹੜੀਆਂ ਮਨਜ਼ੂਰਸ਼ੁਦਾ ਅਸਾਮੀਆਂ ਖ਼ਤਮ ਕੀਤੀਆਂ ਗਈਆਂ ਹਨ ਅਤੇ ਕਿੰਨੀਆਂ ਨਵੀਆਂ ਅਸਾਮੀਆਂ ਕ੍ਰਿਏਟ ਕੀਤੀਆਂ ਗਈਆਂ ਹਨ ਅਤੇ ਕਿੰਨੀ ਭਰਤੀ ਕਦੋਂ-ਕਦੋਂ ਕੀਤੀ ਗਈ ਹੈ;

ਅ) ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ (ਕੈਟਾਗਰੀ ਵਾਇਜ਼) ਪਿਛਲੇ ਕਿੰਨੇ ਸਮੇਂ ਤੋਂ ਖਾਲੀ ਪਈਆਂ ਹਨ ਅਤੇ ਇਹਨਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ; ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ

**728 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਸਮਾਜਿਕ ਨਿਆਂ, ਸਸ਼ਕਤੀਕਰਨ ਅਤੇ ਘੱਟ ਗਿਣਤੀਆਂ, ਸਮਾਜਿਕ ਸੁਰੱਖਿਆ, ਮਹਿਲਾ ਅਤੇ ਬਾਲ ਵਿਕਾਸ :-**

ਕੀ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਵਿਭਾਗ, ਪੰਜਾਬ ਵਿੱਚ ਸਾਲ 2017 ਤੋਂ ਹੁਣ ਤੱਕ ਕਿੰਨੀਆਂ ਅਤੇ ਕਿਹੜੀਆਂ ਮਨਜ਼ੂਰਸ਼ੁਦਾ ਅਸਾਮੀਆਂ ਖ਼ਤਮ ਕੀਤੀਆਂ ਗਈਆਂ ਹਨ ਅਤੇ ਕਿੰਨੀਆਂ ਨਵੀਆਂ ਅਸਾਮੀਆਂ ਕ੍ਰਿਏਟ ਕੀਤੀਆਂ ਗਈਆਂ ਹਨ ਅਤੇ ਕਿੰਨੀ ਭਰਤੀ ਕਦੋਂ-ਕਦੋਂ ਕੀਤੀ ਗਈ ਹੈ;

ਅ) ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ (ਕੈਟਾਗਰੀ ਵਾਇਜ਼) ਪਿਛਲੇ ਕਿੰਨੇ ਸਮੇਂ ਤੋਂ ਖਾਲੀ ਪਈਆਂ ਹਨ ਅਤੇ ਇਹਨਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ; ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੀਆਂ ਮਨਜ਼ੂਰਸ਼ੁਦਾ ਅਸਾਮੀਆਂ ਦੇ ਵੇਰਵੇ

**730 ਡਾ. ਨਛੱਤਰ ਪਾਲ (ਨਵਾਂ ਸ਼ਹਿਰ):**

**ਖੇਤੀਬਾੜੀ ਵਿਭਾਗ, ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਵਿਭਾਗ :-**

ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਸਰਕਾਰ ਵੱਲੋਂ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ ਵਿੱਚ ਸਾਲ, 2017 ਤੋਂ ਹੁਣ ਤੱਕ ਕਿੰਨੀਆਂ ਅਤੇ ਕਿਹੜੀਆਂ ਮਨਜ਼ੂਰਸ਼ੁਦਾ ਅਸਾਮੀਆਂ ਖ਼ਤਮ ਕੀਤੀਆਂ ਗਈਆਂ ਹਨ ਅਤੇ ਕਿੰਨੀਆਂ ਨਵੀਆਂ ਅਸਾਮੀਆਂ ਕ੍ਰਿਏਟ ਕੀਤੀਆਂ ਗਈਆਂ ਹਨ ਅਤੇ ਕਿੰਨੀ ਭਰਤੀ ਕਦੋਂ-ਕਦੋਂ ਕੀਤੀ ਗਈ ਹੈ;

ਅ) ਕਿੰਨੀਆਂ ਮਨਜ਼ੂਰਸ਼ੁਦਾ ਅਸਾਮੀਆਂ (ਕੈਟਾਗਰੀ ਵਾਇਜ਼) ਪਿਛਲੇ ਕਿੰਨੇ ਸਮੇਂ ਤੋਂ ਖਾਲੀ ਪਈਆਂ ਹਨ ਅਤੇ ਇਹਨਾਂ ਨੂੰ ਖਾਲੀ ਰੱਖਣ ਦੇ ਕੀ ਕਾਰਨ ਹਨ; ਇਨ੍ਹਾਂ ਅਸਾਮੀਆਂ ਨੂੰ ਕਦੋਂ ਤੱਕ ਭਰ ਦਿੱਤਾ ਜਾਵੇਗਾ; ਵੇਰਵੇ ਸਹਿਤ ਦੱਸਿਆ ਜਾਵੇ?

----

## ਗੈਰ ਸਰਕਾਰੀ ਯੂਨੀਵਰਸਿਟੀਆਂ ਦੀ ਵਿੱਤੀ ਇੰਸਪੈਕਸ਼ਨ ਕਰਨਾ

733 ਸ਼੍ਰੀ ਦਿਨੇਸ਼ ਕੁਮਾਰ ਚੱਢਾ (ਰੂਪਨਗਰ)ઃ

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ, ਸਥਾਨਕ ਸਰਕਾਰਾਂ ਵਿਭਾਗ** :– ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸੂਬੇ ਵਿੱਚ ਟਰਸਟਾਂ ਜਾਂ ਸੁਸਾਇਟੀਆਂ ਆਦਿ ਵਲੋਂ ਚਲਾਈਆਂ ਜਾ ਰਹੀਆਂ ਗੈਰ ਸਰਕਾਰੀ ਯੂਨੀਵਰਸਟੀਆਂ ਤੇ ਸਿੱਖਿਆ ਸੰਸਥਾਵਾਂ ਦੀ ਸਮੇਂ-ਸਮੇਂ ਤੇ ਵਿੱਤੀ ਇੰਸਪੈਕਸ਼ਨ ਸਬੰਧੀ ਕੋਈ ਨਿਯਮ ਹੈ ਜਾਂ ਨਹੀਂ; ਜੇਕਰ ਹੈ ਤਾਂ ਉਹ ਨਿਯਮ ਸਾਂਝਾ ਕਰਦੇ ਹੋਏ ਜਾਣਕਾਰੀ ਦਿੱਤੀ ਜਾਵੇ ਕਿ ਪਿਛਲੇ ਤਿੰਨ ਸਾਲਾਂ ਚ ਕਦੋਂ-ਕਦੋਂ ਅਜਿਹੀ ਵਿੱਤੀ ਇੰਸਪੈਕਸ਼ਨ ਕੀਤੀ ਗਈ ਹੈ ਅਤੇ ਇਸ ਦੌਰਾਨ ਕੀ ਕਾਰਵਾਈ ਕੀਤੀ ਗਈ ਹੈ?

----

## ਹੜ੍ਹਾਂ ਦੇ ਨੁਕਸਾਨ ਤੋਂ ਬਚਾਅ ਲਈ ਕੀਤੇ ਗਏ ਯਤਨਾਂ ਦੇ ਵੇਰਵੇ

734 ਸ. ਹਰਮੀਤ ਸਿੰਘ ਪਠਾਣਮਾਜਰਾ ( ਸਨੌਰ)ઃ

**ਖਾਣਾਂ ਅਤੇ ਭੂ-ਵਿਗਿਆਨ, ਜਲ ਸਰੋਤ ,ਭੂਮੀ ਅਤੇ ਪਾਣੀ ਸੰਭਾਲ ਵਿਭਾਗ** :-
ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿઃ-

ੳ) ਸਾਲ 2025 ਦੌਰਾਨ ਹੜ੍ਹਾਂ ਵੱਲੋਂ ਕੀਤੇ ਗਏ ਨੁਕਸਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਸਰਕਾਰ ਵੱਲੋਂ ਭਵਿੱਖ ਵਿੱਚ ਹੜ੍ਹਾਂ ਦੇ ਨੁਕਸਾਨ ਤੋਂ ਬਚਾਅ ਵਾਸਤੇ ਕੀ ਯਤਨ ਕੀਤੇ ਗਏ ਹਨ;

ਅ) ਹਲਕਾ ਸਨੌਰ ਵਿੱਚ ਡਾਂਗਰੀ ਨਦੀ ਦੀ ਸਫ਼ਾਈ ਲਈ ਪਿਛਲੇ ਚਾਰ ਸਾਲਾਂ ਦੌਰਾਨ ਕਿੰਨੀ ਰਕਮ ਮਨਜ਼ੂਰ ਕੀਤੀ ਗਈ ਅਤੇ ਕਿੰਨੀ ਖਰਚ ਕੀਤੀ ਗਈ; ਇਸ ਨਾਲ ਕਿਹੜੇ-ਕਿਹੜੇ ਕੰਮ ਕੀਤੇ ਗਏ; ਵੇਰਵੇ ਸਹਿਤ ਦੱਸਿਆ ਜਾਵੇ?

----

## ਫਿਰੋਜ਼ਪੁਰ-ਲੁਧਿਆਣਾ ਨੈਸ਼ਨਲ ਹਾਈਵੇ ਦੀਆਂ ਸਰਵਿਸ ਲੇਨਾਂ ਬਣਾਉਣਾ

736 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ)ઃ

**ਲੋਕ ਨਿਰਮਾਣ** :– ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉ ਵਿੱਚ ਦੀ ਜੋ ਫਿਰੋਜ਼ਪੁਰ-ਲੁਧਿਆਣਾ ਨੈਸ਼ਨਲ ਹਾਈਵੇ ਲੰਘਦਾ ਹੈ, ਉਸ ਦੀਆ ਦੋਨਾਂ ਪਾਸਿਆਂ ਦੀਆਂ ਸਰਵਿਸ ਲੇਨਾਂ ਦੀ ਹਾਲਤ ਬਹੁਤ ਜਿਆਦਾ ਖਰਾਬ ਹੈ ਅਤੇ ਉਥੇ ਇੰਨ ਅਤੇ ਆਊਟ ਲੇਨਾਂ ਵੀ ਨਹੀਂ ਬਣੀਆਂ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਮੋਗਾ ਅਤੇ ਮੁਲਾਂਪੁਰ ਦੀ ਤਰਜ ਤੇ ਇਹ ਸਰਵਿਸ ਲਾਇਨਾਂ ਤਿਆਰ ਕੀਤੀਆ ਜਾਣਗੀਆ?

----

## ਹਲਕਾ ਜਗਰਾਉਂ ਵਿੱਚ ਨੀਵੀਆਂ ਹੋ ਗਈਆਂ ਬਿਜਲੀ ਦੀਆਂ ਤਾਰਾਂ ਠੀਕ ਕਰਨਾ

737 ਸ਼੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ)ઃ

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਬਿਜਲੀ ਵਿਭਾਗ :=** ਕੀ ਬਿਜਲੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਹਲਕਾ ਜਗਰਾਉਂ ਵਿੱਚ ਬਿਜਲੀ ਦੀਆਂ ਤਾਰਾਂ ਗਰਮੀ ਕਰਕੇ ਨੀਵੀਆਂ ਹੋ ਚੁੱਕੀਆ ਹਨ ਜਿੰਨਾ ਨਾਲ ਅਕਸਰ ਹੀ ਪੰਛੀ ਲੱਗ ਜਾਂਦੇ ਹਨ ਅਤੇ ਵੱਡੀਆ ਮਸ਼ੀਨਾਂ ਵੀ ਤਾਰਾਂ ਨਾਲ ਲੱਗ ਜਾਂਦੀਆ ਹਨ; ਜੇਕਰ ਅਜਿਹਾ ਹੋਵੇ ਤਾਂ ਇਹਨਾਂ ਤਾਰਾਂ ਨੂੰ ਕਦੋਂ ਤੱਕ ਠੀਕ ਕਰ ਦਿੱਤਾ ਜਾਵੇਗਾ?

----

**ਰਾਸ਼ਨ ਲੈਣ ਲਈ ਬਜੁਰਗਾਂ ਦੇ ਫਿੰਗਰ ਪ੍ਰਿੰਟ ਜਾਂ ਅੱਖਾਂ ਦੇ ਲੈਨਜ ਮੈਚ ਨਾ ਹੋਣਾ**

738 **ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ, ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ :=** ਕੀ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਜਗਰਾਉਂ ਵਿੱਚ ਜਿੰਨ੍ਹਾਂ ਬਜੁਰਗਾਂ ਦੇ ਰਾਸ਼ਨ ਲੈਣ ਲਈ ਫਿੰਗਰ ਪ੍ਰਿੰਟ ਜਾਂ ਅੱਖਾਂ ਦੇ ਲੈਨਜ ਮੈਚ ਨਹੀਂ ਹੁੰਦੇ ਅਤੇ ਕਈ ਬਿਲਕੁਲ ਇੱਕਲੇ ਹਨ ; ਉਹਨਾਂ ਨੂੰ ਰਾਸ਼ਨ ਵੰਡਣ ਲਈ ਸਰਕਾਰ ਦੀ ਕੀ ਤਜਵੀਜ਼ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਜਗਰਾਉਂ ਸ਼ਹਿਰ ਵਿੱਚ ਸਾਇੰਸ ਕਾਲਜ ਦੀ ਚਾਰਦੀਵਾਰੀ ਕਰਨਾ**

739 **ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ (ਜਗਰਾਉਂ):**

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਉੱਚ ਸਿੱਖਿਆ ਅਤੇ ਭਾਸ਼ਾ, ਸਕੂਲ ਸਿੱਖਿਆ,ਸੂਚਨਾ ਅਤੇ ਲੋਕ ਸੰਪਰਕ, ਸਥਾਨਕ ਸਰਕਾਰਾਂ ਵਿਭਾਗ :=** ਕੀ ਉਚੇਰੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜਗਰਾਉਂ ਸ਼ਹਿਰ ਵਿੱਚ ਸਾਇੰਸ ਕਾਲਜ ਦੀ ਚਾਰਦੀਵਾਰੀ ਡਿੱਗ ਚੁੱਕੀ ਹੈ ਜਿੱਥੇ ਕਿ ਲੜਕੀਆਂ ਦਾ ਹੋਸਟਲ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਚਾਰਦੀਵਾਰੀ ਦੀ ਉਸਾਰੀ ਕਦੋਂ ਤੱਕ ਕਰ ਦਿੱਤੀ ਜਾਵੇਗੀ?

----

**ਸੇਵਾ ਦਾ ਅਧਿਕਾਰ ਕਾਨੂੰਨ ਅਧੀਨ ਦਰਜ ਕਰਵਾਈਆਂ ਸ਼ਿਕਾਇਤਾਂ ਦੇ ਵੇਰਵੇ**

740 **ਸ੍ਰੀ ਕੁਲਦੀਪ ਸਿੰਘ ਢਿੱਲੋਂ ਕਾਲਾ ਢਿੱਲੋਂ (ਬਰਨਾਲਾ):**

**ਨਵੇਂ ਅਤੇ ਨਵਿਆਉਣਯੋਗ ਊਰਜਾ ਸਰੋਤ, ਪ੍ਰਿੰਟਿੰਗ ਅਤੇ ਸਟੇਸ਼ਨਰੀ, ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨਾਲੋਜੀ, ਰੋਜ਼ਗਾਰ ਉਤਪਤੀ ਅਤੇ ਸਿਖਲਾਈ , ਉਦਯੋਗ ਅਤੇ ਵਣਜ ਵਿਭਾਗ, ਨਿਵੇਸ਼ ਪ੍ਰਮੋਸ਼ਨ ਵਿਭਾਗ :=** ਕੀ ਸੁਚੱਜਾ ਪ੍ਰਸ਼ਾਸਨ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪੰਜਾਬ ਰਾਜ ਅੰਦਰ ਲਾਗੂ ਸੇਵਾ ਦਾ ਅਧਿਕਾਰ ਕਾਨੂੰਨ ਅਧੀਨ ਨਿਰਧਾਰਿਤ ਸਮੇਂ ਵਿੱਚ ਆਮ-ਲੋਕਾਂ ਨੂੰ ਸਰਕਾਰੀ ਸੇਵਾਵਾਂ ਨਾ ਦੇਣ ਸਬੰਧੀ ਪਿਛਲੇ ਦੋ ਸਾਲਾਂ ਵਿੱਚ ਲੋਕਾਂ ਵੱਲੋਂ ਕਿੰਨੀਆਂ ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਹਨ; ਕਿੰਨੇ ਅਧਿਕਾਰੀਆਂ ਵਿਰੁੱਧ ਕਾਰਵਾਈ ਹੋਈ ਅਤੇ ਕਿੰਨੇ ਨਾਗਰਿਕਾਂ ਨੂੰ ਮੁਆਵਜ਼ਾ ਦਿੱਤਾ ਗਿਆ?

----

**ਰਾਜ ਵਿੱਚ ਕੈਟਲ ਫੇਅਰ ਫੰਡ (Cattle Fair Fund) ਦੀ ਹਲਕਾਵਾਰ ਵੰਡ, ਖਰਚੇ, ਬਕਾਇਆ ਰਾਸ਼ੀ ਅਤੇ ਵਰਤੋਂ ਸਬੰਧੀ**

742 ਸ. ਗੁਰਦਿੱਤ ਸਿੰਘ (ਫਰੀਦਕੋਟ)ः

**ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ, ਕਿਰਤ, ਪ੍ਰਾਹੁਣਚਾਰੀ, ਪੇਂਡੂ ਵਿਕਾਸ ਅਤੇ ਪੰਚਾਇਤਾਂ, ਬਿਜਲੀ ਵਿਭਾਗ :-**

ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿः-

**ੳ**) ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਕੈਟਲ ਫੇਅਰ ਫੰਡ (Cattle Fair Fund) ਕਾਇਮ ਕੀਤਾ ਗਿਆ ਹੈ; ਜੇਕਰ ਹਾਂ ਤਾਂ ਇਸ ਫੰਡ ਨੂੰ ਇਕੱਠਾ ਕਰਨ ਦੇ ਸਰੋਤ, ਚਲਾਉਣ ਵਾਲੀ ਅਥਾਰਟੀ ਅਤੇ ਲਾਗੂ ਨਿਯਮਾਂ ਤੇ ਨੀਤੀਆਂ ਕੀ ਹੈ;

**ਅ**) ਉਕਤ ਫੰਡ ਦੀ ਵੰਡ ਵੱਖ-ਵੱਖ ਹਲਕਿਆਂ ਵਿੱਚ ਕਿਸ ਨੀਤੀ, ਮਾਪਦੰਡ ਜਾਂ ਫਾਰਮੂਲੇ ਅਨੁਸਾਰ ਕੀਤੀ ਜਾਂਦੀ ਹੈ; ਕੀ ਇਸਦੀ ਵੰਡ ਹਲਕਾਵਾਰ ਜਾਂ ਜ਼ਿਲ੍ਹਾਵਾਰ/ਵਿਭਾਗੀ ਪੱਧਰ ਤੇ ਕੀਤੀ ਜਾਂਦੀ ਹੈ;

**ੲ**) ਇਸ ਫੰਡ ਵਿੱਚੋਂ ਹੁਣ ਤੱਕ ਕਿਹੜੇ-ਕਿਹੜੇ ਵਿਕਾਸ ਕਾਰਜਾਂ ਲਈ ਰਕਮ ਮਨਜ਼ੂਰ ਅਤੇ ਖਰਚ ਕੀਤੀ ਗਈ ਹੈ; ਹਰੇਕ ਕੰਮ ਦਾ ਨਾਮ, ਸਥਾਨ, ਸਬੰਧਤ ਹਲਕਾ, ਮਨਜ਼ੂਰਸ਼ੁਦਾ ਰਕਮ, ਜਾਰੀ ਕੀਤੀ ਰਕਮ, ਖਰਚ ਕੀਤੀ ਰਕਮ ਅਤੇ ਕੰਮ ਦੀ ਮੌਜੂਦਾ ਵੇਰਵੇ ਕੀ ਹੈ;

**ਸ**) ਕੀ ਇਸ ਫੰਡ ਦੀ ਵਰਤੋਂ ਪਸ਼ੂ ਮੇਲਿਆਂ, ਪਸ਼ੂ ਮੰਡੀਆਂ, ਪਸ਼ੂਆਂ ਲਈ ਸ਼ੈੱਡਾਂ, ਪੀਣ ਵਾਲੇ ਪਾਣੀ, ਪਸ਼ੂਆਂ ਦੇ ਇਲਾਜ, ਸਫ਼ਾਈ ਪ੍ਰਬੰਧਾਂ, ਪਸ਼ੂ ਪਾਲਣ ਨਾਲ ਸਬੰਧਤ ਬੁਨਿਆਦੀ ਢਾਂਚੇ ਅਤੇ ਹੋਰ ਵਿਕਾਸ ਕਾਰਜਾਂ ਲਈ ਕੀਤੀ ਜਾ ਸਕਦੀ ਹੈ; ਜੇਕਰ ਹਾਂ ਤਾਂ ਮਨਜ਼ੂਰਸ਼ੁਦਾ ਕੰਮਾਂ ਦੀ ਸ਼੍ਰੇਣੀਵਾਰ ਸੂਚੀ ਅਤੇ ਸਬੰਧਤ ਨਿਯਮਾਂ ਦੀ ਜਾਣਕਾਰੀ ਕੀ ਹੈ;

**ਹ**) ਕੀ ਹਲਕਾ ਫਰੀਦਕੋਟ ਵਿੱਚ ਇਸ ਫੰਡ ਅਧੀਨ ਪਿਛਲੇ ਪੰਜ ਵਿੱਤੀ ਸਾਲਾਂ ਦੌਰਾਨ ਕੋਈ ਰਕਮ ਮਨਜ਼ੂਰ ਜਾਰੀ ਜਾਂ ਖਰਚ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

----

**ਚੰਡੀਗੜ੍ਹ - 160001.** **ਰਾਮ ਲੋਕ ਖਟਾਣਾ,**

**23 ਅਕਤੂਬਰ 2026.** **ਸਕੱਤਰ**